# COVID-19 ਵੈਕਸੀਨਸ - ਮੋਨੋਵੇਲੈਂਟ ਬਨਾਮ ਬਾਈਵੇਲੈਂਟ

Vaccinate WA
CovidVaccineWA.org

ਤੁਸੀਂ COVID-19 ਵੈਕਸੀਨਸ ਦਾ ਵਰਣਨ ਕਰਨ ਵੇਲੇ "ਮੋਨੋਵੇਲੈਂਟ" ਜਾਂ "ਬਾਈਵੇਲੈਂਟ" ਸ਼ਬਦ ਸੁਣੇ ਹੋਣਗੇ। ਆਓ ਇਹਨਾਂ ਦੋ ਕਿਸਮਾਂ ਦੀਆਂ ਵੈਕਸੀਨਸ ਵਿਚਲੇ ਅੰਤਰ ਬਾਰੇ ਅਤੇ ਯੋਗ ਹੋਣ 'ਤੇ ਇੱਕ ਨਵੀਨਤਮ ਬਾਈਵੇਲੈਂਟ ਬੂਸਟਰ ਪ੍ਰਾਪਤ ਕਰਨ ਦੇ ਮਹੱਤਵ ਬਾਰੇ ਗੱਲ ਕਰੀਏ।

## ਮੋਨੋਵੇਲੈਂਟ ਅਤੇ ਬਾਈਵੇਲੈਂਟ ਵੈਕਸੀਨਸ ਵਿੱਚ ਕੀ ਅੰਤਰ ਹੈ?

ਮੋਨੋਵੇਲੈਂਟ ਵੈਕਸੀਨ ਇੱਕ ਅਜਿਹੀ ਵੈਕਸੀਨ ਹੈ ਜਿਸ ਵਿੱਚ ਵਾਇਰਸ ਦਾ ਇੱਕ ਰੂਪ ਜਾਂ ਅੰਸ਼ ਹੁੰਦਾ ਹੈ।

ਬਾਈਵੇਲੈਂਟ ਵੈਕਸੀਨ ਇੱਕ ਅਜਿਹੀ ਵੈਕਸੀਨ ਹੈ ਜਿਸ ਵਿੱਚ ਵਾਇਰਸ ਦੇ ਦੋ ਰੂਪ ਜਾਂ ਅੰਸ਼ ਹੁੰਦੇ ਹਨ।

## COVID-19 ਦੀਆਂ ਕਿਹੜੀਆਂ ਵੈਕਸੀਨਸ ਮੋਨੋਵੇਲੈਂਟ ਹਨ, ਅਤੇ ਕਿਹੜੀਆਂ ਬਾਈਵੇਲੈਂਟ ਹਨ?

ਪ੍ਰਾਇਮਰੀ ਸੀਰੀਜ਼ ਦੀਆਂ ਸਾਰੀਆਂ ਮੂਲ COVID-19 ਵੈਕਸੀਨਸ ਅਤੇ ਮੂਲ ਬੂਸਟਰ ਮੋਨੋਵੇਲੈਂਟ ਹਨ*। ਇਹ ਵੈਕਸੀਨਸ COVID-19 ਬਿਮਾਰੀ ਦਾ ਕਾਰਨ ਬਣਨ ਵਾਲੇ ਵਾਇਰਸ ਦੇ ਮੂਲ ਰੂਪ ਨਾਲ ਬਣਾਈਆਂ ਗਈਆਂ ਸਨ।

ਨਵੀਨਤਮ Pfizer ਅਤੇ Moderna COVID-19 ਬੂਸਟਰ ਬਾਈਵੇਲੈਂਟ ਹਨ। ਉਹਨਾਂ ਨੂੰ COVID-19 ਦੇ ਮੂਲ ਰੂਪ, ਅਤੇ ਨਵੇਂ ਓਮੀਕ੍ਰੋਨ ਵੇਰੀਐਂਟ ਰੂਪ, BA.4 ਅਤੇ BA.5. ਨਾਲ ਬਣਾਇਆ ਗਿਆ ਸੀ।

## ਕੀ ਬਾਈਵੇਲੈਂਟ ਵੈਕਸੀਨਸ ਮੋਨੋਵੇਲੈਂਟ ਨਾਲੋਂ ਜ਼ਿਆਦਾ ਪ੍ਰਭਾਵਸ਼ਾਲੀ ਹੈ?

ਨਵੀਨਤਮ ਬੂਸਟਰਸ 'ਤੇ ਕੀਤੇ ਸ਼ੁਰੂਆਤੀ ਕਲੀਨਿਕਲ ਟ੍ਰਾਇਲ ਦਰਸਾਉਂਦੇ ਹਨ ਕਿ COVID-19 ਬਿਮਾਰੀ ਦੇ ਵਿਰੁੱਧਬਾਈਵੇਲੈਂਟ COVID-19 ਬੂਸਟਰ, ਮੋਨੋਵੇਲੈਂਟ ਬੂਸਟਰਸ ਨਾਲੋਂ ਜ਼ਿਆਦਾ ਸੁਰੱਖਿਆ ਪ੍ਰਦਾਨ ਕਰਦੇ ਹਨ ਅਤੇ ਖਾਸ ਤੌਰ 'ਤੇ ਓਮੀਕ੍ਰੋਨ ਵੇਰੀਐਂਟ ਕਾਰਨ ਹੋਣ ਵਾਲੀ ਗੰਭੀਰ ਬੀਮਾਰੀ ਅਤੇ/ਜਾਂ ਮੌਤ ਦੇ ਖਤਰੇ ਤੋਂ ਲੰਮੇ ਸਮੇਂ ਤੱਕ ਸੁਰੱਖਿਆ ਪ੍ਰਦਾਨ ਕਰ ਸਕਦੇ ਹਨ।

**Novavax ਬੂਸਟਰ ਮੋਨੋਵੇਲੈਂਟ ਵੈਕਸੀਨ ਹੈ ਅਤੇ ਉਹਨਾਂ ਬਾਲਗਾਂ ਲਈ ਉਪਲਬਧ ਹੈ ਜਿਹਨਾਂ ਨੇ ਪੂਰੀ ਪ੍ਰਾਇਮਰੀ ਵੈਕਸੀਨ ਸੀਰੀਜ਼ ਲਗਵਾ ਲਈ ਹੈ ਪਰ ਕੋਈ COVID-19 ਬੂਸਟਰ ਪ੍ਰਾਪਤ ਨਹੀਂ ਕੀਤਾ ਹੈ – ਅਤੇ ਜੇਕਰ ਉਹ ਨਵੀਨਤਮ mRNA ਬੂਸਟਰ ਪ੍ਰਾਪਤ ਨਹੀਂ ਕਰ ਸਕਦੇ ਜਾਂ ਨਹੀਂ ਕਰਨਗੇ। Novavax ਬੂਸਟਰ ਓਮੀਕ੍ਰੋਨ ਵੇਰੀਐਂਟ ਨੂੰ ਨਿਸ਼ਾਨਾ **ਨਹੀਂ ਬਣਾਉਂਦੇ** ਹਨ।*

## ਬਾਈਵੇਲੈਂਟ ਬੂਸਟਰ ਪ੍ਰਾਪਤ ਕਰਨਾ ਕਿਉਂ ਮਹੱਤਵਪੂਰਨ ਹੈ?

ਬਾਈਵੇਲੈਂਟ ਬੂਸਟਰ ਪ੍ਰਾਪਤ ਕਰਨਾ ਬਹੁਤ ਮਹੱਤਵਪੂਰਨ ਹੈ ਕਿਉਂਕਿ ਇਹ COVID-19 ਵੈਕਸੀਨ ਦੀ ਇਕਲੌਤੀ ਅਜਿਹੀ ਕਿਸਮ ਹੈ ਜੋ ਵਰਤਮਾਨ ਵਿੱਚ ਅਮਰੀਕਾ ਵਿੱਚ ਫੈਲ ਰਹੇ COVID-19 ਦੇ ਸਭ ਤੋਂ ਪ੍ਰਭਾਵਸ਼ਾਲੀ ਓਮੀਕ੍ਰੋਨ ਵੇਰੀਐਂਟ ਤੋਂ ਬਚਾਉਣ ਲਈ ਬਣਾਈ ਗਈ ਸੀ।

## ਜੇ ਮੈਨੂੰ ਪਹਿਲਾਂ COVID-19 ਹੋਇਆ ਸੀ ਜਾਂ ਮੈਂ ਪਹਿਲਾਂ ਮੋਨੋਵੇਲੈਂਟ ਬੂਸਟਰ ਪ੍ਰਾਪਤ ਕੀਤਾ ਹੈ ਤਾਂ ਕੀ ਮੈਨੂੰ ਬਾਈਵੇਲੈਂਟ ਬੂਸਟਰ ਪ੍ਰਾਪਤ ਕਰਨਾ ਚਾਹੀਦਾ ਹੈ?

ਹਾਂ, ਜੇਕਰ ਤੁਹਾਨੂੰ ਪਹਿਲਾਂ COVID-19 ਹੋ ਚੁੱਕਾ ਹੈ ਜਾਂ ਤੁਸੀਂ ਪਹਿਲਾਂ ਮੋਨੋਵੇਲੈਂਟ ਬੂਸਟਰ ਪ੍ਰਾਪਤ ਕਰ ਚੁੱਕੇ ਹੋ, ਅਤੇ ਇਸ ਦੇ ਬਾਵਜੂਦ ਜੇਕਰ ਤੁਸੀਂ ਯੋਗ ਹੋ ਤਾਂ ਤੁਹਾਨੂੰ ਇੱਕ ਨਵੀਨਤਮ ਬਾਈਵੇਲੈਂਟ ਬੂਸਟਰ ਪ੍ਰਾਪਤ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ। ਵੱਧ ਤੋਂ ਵੱਧ ਸੁਰੱਖਿਆ ਹਾਸਲ ਕਰਨ ਲਈ, ਜਿਹਨਾਂ ਲੋਕਾਂ ਨੂੰ ਹਾਲ ਹੀ ਵਿੱਚ COVID-19 ਹੋਇਆ ਸੀ, ਉਹ ਆਪਣਾ ਟੈਸਟ ਪਾਜ਼ੀਟਿਵ ਆਉਣ ਜਾਂ ਬਿਮਾਰੀ ਦੇ ਲੱਛਣ ਮਹਿਸੂਸ ਹੋਣ ਦੀ ਮਿਤੀ ਤੋਂ 3 ਮਹੀਨਿਆਂ ਬਾਅਦ COVID-19 ਵੈਕਸੀਨ ਜਾਂ ਨਵੀਨਤਮ ਬੂਸਟਰ ਪ੍ਰਾਪਤ ਕਰਨ ਬਾਰੇ ਵਿਚਾਰ ਕਰ ਸਕਦੇ ਹਨ।

## ਕੀ ਮੈਨੂੰ ਕਿਸੇ ਵਿਸ਼ੇਸ਼ ਬ੍ਰਾਂਡ ਦਾ ਬਾਈਵੇਲੈਂਟ ਬੂਸਟਰ ਪ੍ਰਾਪਤ ਕਰਨਾ ਪਵੇਗਾ?

6 ਮਹੀਨਿਆਂ – 4 ਸਾਲ ਦੀ ਉਮਰ ਦੇ ਬੱਚਿਆਂ ਨੂੰ ਉਸੇ ਬ੍ਰਾਂਡ ਦਾ ਨਵੀਨਤਮ ਬਾਈਵੇਲੈਂਟ ਬੂਸਟਰ ਪ੍ਰਾਪਤ ਕਰਨਾ ਚਾਹੀਦਾ ਹੈ ਜਿਸ ਬ੍ਰਾਂਡ ਦੀ ਉਹਨਾਂ ਨੇ ਪ੍ਰਾਇਮਰੀ ਸੀਰੀਜ਼ ਪ੍ਰਾਪਤ ਕੀਤੀ ਸੀ।

5 ਸਾਲ ਦੀ ਉਮਰ ਦੇ ਬੱਚੇ, ਜਿਹਨਾਂ ਨੇ Pfizer ਦੀ ਪੂਰੀ ਪ੍ਰਾਇਮਰੀ ਸੀਰੀਜ਼ ਪ੍ਰਾਪਤ ਕੀਤੀ ਹੈ ਉਹ ਸਿਰਫ਼ ਨਵੀਨਤਮ Pfizer ਬਾਈਵੇਲੈਂਟ ਬੂਸਟਰ ਪ੍ਰਾਪਤ ਕਰ ਸਕਦੇ ਹਨ।

5 ਸਾਲ ਦੀ ਉਮਰ ਦੇ ਬੱਚੇ, ਜਿਹਨਾਂ ਨੇ Moderna ਦੀ ਪੂਰੀ ਪ੍ਰਾਇਮਰੀ ਸੀਰੀਜ਼ ਪ੍ਰਾਪਤ ਕੀਤੀ ਹੈ ਉਹ ਨਵੀਨਤਮ Moderna ਜਾਂ Pfizer ਬਾਈਵੇਲੈਂਟ ਬੂਸਟਰ ਪ੍ਰਾਪਤ ਕਰ ਸਕਦੇ ਹਨ।

6 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਲੋਕ Moderna ਜਾਂ Pfizer ਬਾਈਵੇਲੈਂਟ ਬੂਸਟਰ ਪ੍ਰਾਪਤ ਕਰ ਸਕਦੇ ਹਨ ਭਾਵੇਂ ਉਹਨਾਂ ਨੇ ਕਿਸੇ ਵੀ ਬ੍ਰਾਂਡ ਦੀ ਪ੍ਰਾਇਮਰੀ ਸੀਰੀਜ਼ ਪ੍ਰਾਪਤ ਕੀਤੀ ਹੋਵੇ।

Washington State Department of Health

DOH 825-082 December 2022 Punjabi

ਕਿਸੇ ਹੋਰ ਫਾਰਮੈਟ ਵਿੱਚ ਇਸ ਦਸਤਾਵੇਜ਼ ਲਈ ਬੇਨਤੀ ਕਰਨ ਵਾਸਤੇ, 1-800-525-0127'ਤੇ ਕਾਲ ਕਰੋ। ਬਹਿਰੇ ਗਾਹਕ ਜਾਂ ਜਿੰਨ੍ਹਾਂ ਗਾਹਕਾਂ ਨੂੰ ਉੱਚਾ ਸੁਣਦਾ ਹੈ, ਉਹ ਕਿਰਪਾ ਕਰਕੇ 711 (Washington Relay) 'ਤੇ ਕਾਲ ਕਰੋ ਜਾਂ civil.rights@doh.wa.gov 'ਤੇ ਈਮੇਲ ਕਰੋ।